BC Financial Services Authority / **ਤਬਾਦਲੇ (ਅਸਾਈਨਮੈਂਟ) ਦੀਆਂ ਸ਼ਰਤਾਂ ਬਾਰੇ ਵੇਚਣ ਵਾਲੇ ਨੂੰ ਨੋਟਿਸ**

**ਕਿਰਪਾ ਕਰਕੇ ਵੱਡੇ ਅੱਖਰਾਂ ਵਿੱਚ ਸਾਫ ਸਾਫ ਲਿਖੋ**

ਰੀਅਲ ਇਸਟੇਟ ਸਰਵਿਸਜ਼ ਰੈਗੂਲੇਸ਼ਨ ਮੰਗ ਕਰਦੀ ਹੈ ਕਿ ਤੁਹਾਨੂੰ, ਵੇਚਣ ਵਾਲੇ ਨੂੰ, ਤੁਹਾਡੀ ਜਾਇਦਾਦ ਖ਼੍ਰੀਦਣ ਅਤੇ ਵੇਚਣ ਲਈ ਇਕ ਪ੍ਰਸਤਾਵਿਤ ਇਕਰਾਰਨਾਮਾ (ਇਕ ਆਫਰ) ਦੇਣ ਦੇ ਸਮੇਂ 'ਤੇ ਇਹ ਨੋਟਿਸ ਵੀ ਦਿੱਤਾ ਜਾਵੇ, ਜੇ ਉਸ ਆਫਰ ਵਿੱਚ ਹੇਠ ਲਿਖੀਆਂ ਸ਼ਰਤਾਂ ਵਿੱਚੋਂ ਇਕ ਜਾਂ ਦੋਵੇਂ **ਨਾ** ਹੋਣ:

- ਅਜਿਹੀ ਸ਼ਰਤ ਜਿਹੜੀ ਇਹ ਕਹਿੰਦੀ ਹੋਵੇ ਕਿ ਇਹ ਜ਼ਰੂਰੀ ਹੈ ਕਿ ਤੁਹਾਡੀ ਲਿਖਤੀ ਸਹਿਮਤੀ ਤੋਂ ਬਿਨਾਂ ਇਹ ਇਕਰਾਰਨਾਮਾ ਕਿਸੇ ਹੋਰ ਦੇ ਨਾਂ 'ਤੇ ਤਬਦੀਲ (ਅਸਾਈਨ) ਨਾ ਕੀਤਾ ਜਾਵੇ;
- ਅਜਿਹੀ ਸ਼ਰਤ ਜਿਹੜੀ ਇਹ ਕਹਿੰਦੀ ਹੋਵੇ ਕਿ ਤੁਸੀਂ ਖ਼੍ਰੀਦਦਾਰ ਜਾਂ ਉਸ ਤੋਂ ਬਾਅਦ ਦੇ ਕਿਸੇ ਵੀ ਅਸਾਈਨੀ ਵਲੋਂ ਇਕਰਾਰਨਾਮੇ ਦੇ ਤਬਾਦਲੇ ਤੋਂ ਬਾਅਦ ਹੋਣ ਵਾਲੇ ਕਿਸੇ ਵੀ ਮੁਨਾਫੇ ਦੇ ਹੱਕਦਾਰ ਹੋ।

ਇਕਰਾਰਨਾਮੇ ਦਾ ਤਬਾਦਲਾ (ਕੌਨਟ੍ਰੈਕਟ ਅਸਾਈਨਮੈਂਟ) ਉਦੋਂ ਹੁੰਦਾ ਹੈ ਜਦੋਂ ਖ਼੍ਰੀਦਦਾਰ ਕੰਪਲੀਸ਼ਨ ਦੀ ਤਰੀਕ ਤੋਂ ਪਹਿਲਾਂ ਜਾਇਦਾਦ ਖ਼੍ਰੀਦਣ ਦੇ ਇਕਰਾਰਨਾਮੇ ਨੂੰ ਕਿਸੇ ਹੋਰ ਦੇ ਨਾਂ 'ਤੇ ਤਬਦੀਲ ਕਰ ਦਿੰਦਾ ਹੈ।

**ਇਹ ਆਫਰ ਸਵੀਕਾਰ ਕਰਨ ਤੋਂ ਪਹਿਲਾਂ, ਤੁਹਾਨੂੰ ਇਹਨਾਂ ਵਿੱਚੋਂ ਇਕ ਜਾਂ ਦੋਵੇਂ ਸ਼ਰਤਾਂ ਨਾ ਹੋਣ ਦੀ ਸਥਿਤੀ ਬਾਰੇ ਕੋਈ ਆਜ਼ਾਦ ਪੇਸ਼ਾਵਰ ਸਲਾਹ ਲੈਣੀ ਚਾਹੀਦੀ ਹੈ। ਤੁਹਾਨੂੰ ਇਸ ਗੱਲ 'ਤੇ ਵੀ ਗੌਰ ਕਰਨਾ ਚਾਹੀਦਾ ਹੈ ਕਿ ਕੀ ਤੁਸੀਂ ਅਜਿਹੀ ਜੁਆਬੀ (ਕਾਊਂਟਰ) ਆਫਰ ਦੇਣਾ ਚਾਹੁੰਦੇ ਹੋ ਜਾਂ ਨਹੀਂ, ਜਿਸ ਵਿੱਚ ਇਹ ਸ਼ਰਤ (ਸ਼ਰਤਾਂ) ਜਾਂ ਤਬਾਦਲੇ (ਅਸਾਈਨਮੈਂਟ) ਨਾਲ ਸੰਬੰਧਿਤ ਹੋਰ ਸ਼ਰਤਾਂ ਨਹੀਂ ਹਨ।**

ਜੇ ਇਸ ਆਫਰ ਵਿੱਚ ਇਕਰਾਰਨਾਮੇ ਦੇ ਤਬਾਦਲੇ ਬਾਰੇ ਕੋਈ ਵੀ ਸ਼ਰਤ **ਨਹੀਂ** ਹੈ ਤਾਂ

- ਇਕਰਾਰਨਾਮਾ ਤੁਹਾਡੀ ਸਹਿਮਤੀ ਤੋਂ ਬਿਨਾਂ ਕਿਸੇ ਹੋਰ ਦੇ ਨਾਂ ਤਬਦੀਲ ਕੀਤਾ ਜਾ **ਸਕਦਾ** ਹੈ, ਅਤੇ
- ਖ਼੍ਰੀਦਦਾਰ ਵੱਲੋਂ ਕੰਪਲੀਸ਼ਨ ਦੀ ਤਰੀਕ ਤੋਂ ਪਹਿਲਾਂ ਤੁਹਾਡੀ ਜਾਇਦਾਦ ਵੇਚਣ ਤੋਂ ਹੋਣ ਵਾਲੇ ਮੁਨਾਫੇ, ਜੇ ਕੋਈ ਮੁਨਾਫਾ ਹੁੰਦਾ ਹੈ, ਨੂੰ ਲੈਣ ਦਾ ਤੁਹਾਡਾ ਕੋਈ ਹੱਕ **ਨਹੀਂ** ਹੋਵੇਗਾ।

ਜੇ ਤੁਸੀਂ ਕਿਸੇ ਲਾਇਸੰਸ-ਸ਼ੁਦਾ ਰੀਅਲ ਇਸਟੇਟ ਨਾਲ ਕੰਮ ਕਰ ਰਹੇ ਹੋ, ਤਾਂ ਰੈਗੂਲੇਸ਼ਨ ਮੰਗ ਕਰਦੀ ਹੈ ਕਿ ਲਾਇਸੰਸ-ਸ਼ੁਦਾ ਰੀਅਲ ਇਸਟੇਟ ਤੁਹਾਨੂੰ ਹੇਠਾਂ ਦਿੱਤੀਆਂ ਚੀਜ਼ਾਂ ਬਾਰੇ ਦੱਸੇ:

- ਕੀ ਤੁਹਾਨੂੰ ਦਿੱਤੀ ਗਈ ਆਫਰ ਵਿੱਚ ਅਜਿਹੀਆਂ ਸ਼ਰਤਾਂ ਹਨ, ਜੋ ਖ਼੍ਰੀਦਦਾਰ ਨੂੰ ਇਕਰਾਰਨਾਮਾ ਤਬਦੀਲ (ਅਸਾਈਨ) ਕਰਨ ਦੀ ਇਜਾਜ਼ਤ ਦਿੰਦੀਆਂ ਹਨ;
- ਕੀ ਆਫਰ ਵਿੱਚ ਤਬਾਦਲਾ (ਅਸਾਈਨਮੈਂਟ) ਕਰਨ ਬਾਰੇ ਕੋਈ ਸ਼ਰਤ ਹੈ, ਸਮੇਤ ਇਸ ਗੱਲ ਦੇ ਕਿ ਕੀ ਤੁਹਾਨੂੰ ਵਾਧੂ ਪੈਸੇ ਲੈਣ ਦਾ ਹੱਕ ਹੈ ਜਾਂ ਨਹੀਂ ਜੇ ਖ਼੍ਰੀਦਦਾਰ ਇਕਰਾਰਨਾਮੇ ਦਾ ਤਬਾਦਲਾ ਕਰਕੇ ਕੋਈ ਮੁਨਾਫਾ ਕਮਾਉਂਦਾ ਹੈ।

## PART A

Notice to *(name of seller(s))*

| | |
|---|---|
| Street address of real estate being sold | Legal Description: |
| Name of licensee providing notice | Date notice provided |

## PART B – SIGNATURES AND ACKNOWLEDGEMENT

I, ______________________________________________,
*(name of seller(s))*

acknowledge receipt of a copy of this notice at the same time the offer was presented to me on ________________.
*(date)*

Signature of seller(s): ______________________________________________.

## BROKERAGE USE ONLY

*ਨੋਟ: ਬੀ ਸੀ ਐੱਫ ਐੱਸ ਏ ਲਾਇਸੰਸ-ਸ਼ੁਦਾ ਰੀਅਲ ਇਸਟੇਟਾਂ ਨੂੰ ਸਲਾਹ ਦਿੰਦੀ ਹੈ ਕਿ ਉਹ ਇਸ ਨੋਟਿਸ ਦੀ ਇਕ ਕਾਪੀ ਆਪਣੇ ਮੈਨੇਜਿੰਗ ਬ੍ਰੋਕਰ ਨੂੰ ਦੇਣ, ਅਤੇ ਬ੍ਰੋਕਰੇਜ ਇਸ ਨੋਟਿਸ ਦੀ ਇਕ ਕਾਪੀ ਆਪਣੇ ਕੋਲ ਰੱਖੇ।*

| | |
|---|---|
| Name of person acknowledging receipt of notice for brokerage | Signature of person acknowledging receipt of notice for brokerage |
| Title of person acknowledging receipt of notice for brokerage | Date |

**ਇਸ ਡਿਸਕਲੋਜ਼ਰ ਦੀ ਕਾਪੀ ਬੀ ਸੀ ਐੱਫ ਐੱਸ ਏ ਨੂੰ ਦੇਣਾ ਜ਼ਰੂਰੀ ਨਹੀਂ ਹੈ ਜੇ ਇਸ ਦੀ ਖਾਸ ਤੌਰ 'ਤੇ ਮੰਗ ਨਾ ਕੀਤੀ ਹੋਵੇ।**



600-750 West Pender Street
Vancouver, B.C. V6C 2T8
T 866 206 3030
F 866 660 3365
You're Protected
bcfsa.ca